**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ (ਪਿਕਟਸ)**

**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ-ਕਮ-ਮੈਂਬਰ ਸਕੱਤਰ ਪਿਕਟਸ।**

**ਪੀ.ਐਸ.ਈ.ਬੀ. ਕੰਪਲੈਕਸ, ਈ.ਬਲਾਕ, ਪੰਜਵੀਂ ਮੰਜ਼ਿਲ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ।**

**ਫੋਨ ਨੰ. 0172-5212319, ਈ-ਮੇਲ: edusat.punjab@punjabeducation.gov.in**

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਐਜੂਸੈਟ ਸੁਵਿਧਾ ਵਾਲੇ (ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਦੇ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/89998

ਮਿਤੀ: ....4th.. ਅਪ੍ਰੈਲ, 2024.

**ਵਿਸ਼ਾ: ਸਕੂਲ ਸਿੱਖਿਆ ਵਿਭਾਗ ਲਈ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਮਹੀਨਾ ਅਪ੍ਰੈਲ-2024.**

1.0 ਉਪਰੋਕਤ ਵਿਸ਼ੇ ਸਬੰਧੀ ਅਪ੍ਰੈਲ ਮਹੀਨੇ ਦਾ ਐਜੂਸੈਟ ਸ਼ਡਿਊਲ ਨਾਲ ਨੱਥੀ ਕਰਕੇ ਭੇਜਿਆ ਜਾ ਰਿਹਾ ਹੈ। ਕ੍ਰਿਪਾ ਕਰਕੇ ਸਬੰਧਤ ਸਕੂਲ ਮੁੱਖੀ ਯਕੀਨੀ ਬਣਾਉਣ ਕਿ ਸ਼ਡਿਊਲ ਮੁਤਾਬਿਕ ਸਬੰਧਤ ਵਿਸ਼ਾ ਅਧਿਆਪਕ ਅਤੇ ਵਿੱਦਿਆਰਥੀ ਐਜੂਸੈਟ ਰੂਮ ਵਿੱਚ ਹਾਜ਼ਰ ਰਹਿ ਕੇ ਪ੍ਰਸਾਰਿਤ ਕੀਤੇ ਪ੍ਰੋਗਰਾਮਾਂ ਵਿੱਚ ਭਾਗ ਲੈਣ। ਟੈਲੀਕਾਸਟ ਸਮੇਂ ਕਿਸੇ ਤਕਨੀਕੀ ਖਰਾਬੀ ਕਾਰਣ ਨੈਟਵਰਕ ਫੇਲ ਹੋ ਜਾਣ ਦੀ ਸੂਰਤ ਵਿੱਚ ਸਬੰਧਤ ਵਿਸ਼ਾ ਅਧਿਆਪਕ ਉਸ ਟਾਪਿਕ ਨੂੰ ਪੂਰਾ ਕਰੇਗਾ।

2.0 ਐਜੂਸੈਟ ਰੂਮ ਅਤੇ ਐਜੂਸੈਟ ਲਾਇਬਰੇਰੀ ਵਿੱਚ ਹਰ ਸਬੰਧਤ ਪੀਰੀਅਡ ਵਿੱਚ ਵਿੱਦਿਆਰਥੀਆਂ ਦੀ ਹਾਜ਼ਰੀ ਐਜੂਸੈਟ ਰਜਿਸਟਰ ਵਿੱਚ ਲਗਾਈ ਜਾਵੇ ਅਤੇ ਸਟੇਟ ਦਫਤਰ ਵੱਲੋਂ ਟੈਲੀਫੋਨ ਰਾਹੀਂ ਸਕੂਲ ਮੁੱਖੀਆਂ, ਵਿਸ਼ਾ ਅਧਿਆਪਕਾਂ ਅਤੇ ਵਿੱਦਿਆਰਥੀਆਂ ਤੋਂ ਲਿਆ ਜਾਣ ਵਾਲਾ ਫੀਡਬੈਕ ਵੀ ਦਿੱਤਾ ਜਾਵੇ। ਸਕੂਲ ਮੁੱਖੀ ਐਜੂਸੈਟ ਰਜਿਸਟਰ ਵਿੱਚ ਐਜੂਸੈਟ ਪ੍ਰੋਗਰਾਮਾਂ ਦਾ ਰਿਕਾਰਡ ਵੀ ਤਸਦੀਕ ਕਰੇਗਾ, ਜਿਸ ਵਿੱਚ ਵਿੱਦਿਆਰਥੀਆਂ ਦੀ ਗਿਣਤੀ ਅਤੇ ਸਬੰਧਤ ਅਧਿਆਪਕ ਦਾ ਨਾਮ ਵੀ ਦਰਜ ਹੋਵੇ।

3.0 ਸਕੂਲ ਮੁੱਖੀ ਸੁਨਿਸ਼ਚਿਤ ਕਰਨਗੇ ਕਿ ਐਜੂਸੈਟ ਪ੍ਰੋਗਰਾਮਾਂ ਦਾ ਸ਼ਡਿਊਲ ਅਤੇ ਐਜੂਸੈਟ ਟਾਈਮ ਟੇਬਲ ਦੀ ਕਾਪੀ ਐਜੂਸੈਟ ਕਮਰੇ ਵਿੱਚ ਉਪਲਬਧ ਕਰਵਾਈ ਹੋਈ ਹੈ। ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰੇਗਾ ਕਿ ਲਾਈਵ ਲੈਕਚਰ ਵਾਲੇ ਦਿਨ ਜਿਸ ਅਧਿਆਪਕ ਦੀ ਡਿਊਟੀ ਲਾਈਵ ਲੈਕਚਰ ਲਈ ਲਗਾਈ ਗਈ ਹੈ, ਸਮੇਂ ਸਿਰ ਐਜੂਸੈਟ ਦਫਤਰ ਵਿਖੇ ਹਾਜ਼ਰ ਹੋਣ। ਇਸ ਤੋਂ ਇਲਾਵਾ ਪ੍ਰੋਗਰਾਮਾਂ ਨੂੰ ਹੋਰ ਵਧੀਆ ਬਣਾਉਣ ਲਈ ਕ੍ਰਿਪਾ

ਕਰਕੇ ਆਪਣੀ ਰਾਏ ਈ-ਮੇਲ edusatfeedback@punjabeducation.gov.in ਤੇ ਭੇਜੀ ਜਾਵੇ। ਫੀਡਬੈਕ ਦੇਣ ਲਈ https://goo.gl/forms/xVw2bdM4effysZhB3 link ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

4.0 **ਮਿਸ਼ਨ ਸਮੱਰਥ 2024 ਦੇ ਮੱਦੇਨਜ਼ਰ ਅਪ੍ਰੈਲ ਅਤੇ ਮਈ ਮਹੀਨੇ ਲਈ 6ਵੀਂ ਤੋਂ 8ਵੀਂ ਜਮਾਤ ਲਈ ਐਜੂਸੈਟ ਪ੍ਰੋਗਰਾਮ ਟੈਲੀਕਾਸਟ ਨਹੀਂ ਕੀਤੇ ਜਾਣਗੇ ਅਤੇ ਇਹਨਾਂ ਦੋ ਮਹੀਨਿਆਂ ਲਈ ਮਿਸ਼ਨ ਸਮੱਰਥ ਸਬੰਧੀ ਐਸ.ਸੀ.ਈ.ਆਰ.ਟੀ ਵੱਲੋਂ ਜੋ ਹਦਾਇਤਾ (ਨਾਲ ਨੱਥੀ) ਜਾਰੀ ਕੀਤੀਆਂ ਗਈਆਂ ਹਨ, ਹੀ ਲਾਗੂ ਹੋਣਗੀਆਂ। ਇਸ ਤੋਂ ਇਲਾਵਾ ਅਗਲੇ ਮਹੀਨਿਆਂ ਲਈ ਐਜੂਸੈਟ ਸ਼ਾਖਾ ਵੱਲੋਂ ਪਹਿਲਾਂ ਤੋਂ ਭੇਜਿਆ ਗਿਆ ਟਾਈਮ ਟੇਬਲ 2024-25 (www.ssapunjab.org ਤੇ ਉਪਲੱਬਦ ਹੈ) ਹੀ ਲਾਗੂ ਰਹੇਗਾ।**

Darshan Sharma

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ**

**ਪਿੱਠਅੰਕਣ ਨੰ.: E-139452/ਪਿਕਟਸ/ਟਾਈਮ-ਸ਼ਡਿਊਲ/ਉਕਤ** **ਮਿਤੀ:** 04.04.2024

ਉਪਰੋਕਤ ਦਾ ਉਤਾਰਾ ਹੇਠ ਲਿੱਖੀਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1. ਡਾਇਰੈਕਟਰ ਐਸ.ਸੀ.ਈ.ਆਰ.ਟੀ ਪੰਜਾਬ।
2. ਸਬੰਧਤ ਸਟੇਟ ਰਿਸੋਰਸ ਗਰੁੱਪ (ਸਾਇੰਸ/ਮੈਥ/ਅੰਗਰੇਜੀ/ਹਿਊਮੈਨਟੀਜ਼), ਸਟੂਡਿਓ ਇੰਜੀਨੀਅਰ, ਤਕਨੀਕੀ ਸਟਾਫ ਅਤੇ ਅਕਾਂਊਟੈਂਟ ਪਿਕਟਸ।
3. ਡੀ.ਐਮ.(ਐਮ.ਆਈ.ਐਸ) ਨੂੰ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲੱਬਦ ਕਰਾਉਣ ਹਿੱਤ।

Darshan Sharma

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਆਈ.ਸੀ.ਟੀ.ਐਜੂਕੇਸ਼ਨ ਸੁਸਾਇਟੀ**